**OFFICE OF THE DEPUTY COMMISSIONER-CUM-DISTRICT MAGISTRATE, BATHINDA**
**(MA BRANCH)**

ਸੇਵਾ ਵਿਖੇ

1. ਜ਼ਿਲ੍ਹਾ ਸਿੱਖਿਆ ਅਫ਼ਸਰ (ਸਕੈਂਡਰੀ), ਬਠਿੰਡਾ
2. ਜ਼ਿਲ੍ਹਾ ਸਿੱਖਿਆ ਅਫ਼ਸਰ (ਪ੍ਰਾਇਮਰੀ), ਬਠਿੰਡਾ

ਪੱਤਰ ਨੰਬਰ: 708-709 ਮਿਤੀ 21/01/26

ਵਿਸ਼ਾ: ਚਾਈਨਾ ਡੋਰ ਸਬੰਧੀ ਜਾਰੀ ਮਨਾਹੀ ਹੁਕਮਾਂ ਬਾਰੇ ਸਕੂਲੀ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਦਾ ਧਿਆਨ ਇਸ ਦਫ਼ਤਰ ਵੱਲੋਂ ਜਾਰੀ ਕੀਤੇ ਗਏ ਹੁਕਮ ਮਿਤੀ 10-12-2025 (ਕਾਪੀ ਨਾਲ ਸਾਮਲ ਹੈ) ਵੱਲ ਦਿਵਾਉਂਦੇ ਹੋਏ, ਹਦਾਇਤ ਕੀਤੀ ਜਾਂਦੀ ਹੈ ਕਿ ਮਿਤੀ 23-01-2026 ਨੂੰ ਪਸੰਤ ਪੰਚਮੀ ਦੇ ਤਿਉਹਾਰ ਦੇ ਸਬੰਧ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਬਠਿੰਡਾ ਵੱਲੋਂ ਚਾਈਨਾ ਡੋਰ ਦੀ ਖਰੀਦ, ਵਿਕਰੀ, ਸਟੋਰੇਜ ਅਤੇ ਵਰਤੋਂ 'ਤੇ ਪੂਰਨ ਤੌਰ 'ਤੇ ਮਨਾਹੀ ਸਬੰਧੀ ਹੁਕਮ ਪਹਿਲਾਂ ਹੀ ਜਾਰੀ ਕੀਤੇ ਜਾ ਚੁੱਕੇ ਹਨ। ਚਾਈਨਾ ਡੋਰ ਦੀ ਵਰਤੋਂ ਨਾਲ ਮਨੁੱਖੀ ਜਾਨ, ਪੰਛੀਆਂ ਅਤੇ ਪਸ਼ੂਆਂ ਨੂੰ ਗੰਭੀਰ ਨੁਕਸਾਨ ਪਹੁੰਚਣ ਦੇ ਮਾਮਲੇ ਸਾਹਮਣੇ ਆਉਂਦੇ ਰਹਿੰਦੇ ਹਨ, ਜੋ ਕਿ ਗੰਭੀਰ ਚਿੰਤਾ ਦਾ ਵਿਸ਼ਾ ਹੈ।

ਇਸ ਸੰਦਰਭ ਵਿੱਚ ਆਪ ਨੂੰ ਇਸ ਪੱਤਰ ਰਾਹੀਂ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਅਧੀਨ ਆਉਂਦੇ ਸਮੂਹ ਸਰਕਾਰੀ, ਨਿੱਜੀ ਅਤੇ ਸਹਾਇਤਾ ਪ੍ਰਾਪਤ ਸਕੂਲਾਂ ਦੇ ਮੁਖੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਜਾਣ ਤਾਂ ਜੋ ਸਕੂਲੀ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਡੋਰ ਦੀ ਵਰਤੋਂ ਨਾਲ ਹੋਣ ਵਾਲੇ ਖ਼ਤਰਿਆਂ ਅਤੇ ਇਸ 'ਤੇ ਲਾਗੂ ਪਾਬੰਦੀ ਸਬੰਧੀ ਬਾਰੇ ਜਾਗਰੂਕ ਕੀਤਾ ਜਾ ਸਕੇ।

1. ਇਹ ਯਕੀਨੀ ਬਣਾਇਆ ਜਾਵੇ ਕਿ ਸਕੂਲ ਦੀ **ਪ੍ਰਾਰਥਨਾ ਸਭਾ ਮਿਤੀ 22-01-2026 ਸਵੇਰੇ 09.10 ਸਵੇਰੇ (Morning Assembly)** ਦੌਰਾਨ ਨਿਰੰਤਰ ਤੌਰ 'ਤੇ ਚਾਈਨਾ ਡੋਰ ਦੀ ਵਰਤੋਂ ਨਾਲ ਜੁੜੇ ਖ਼ਤਰੇ, ਕਾਨੂੰਨੀ ਮਨਾਹੀ ਅਤੇ ਸੰਭਾਵਿਤ ਸਖ਼ਤ ਕਾਰਵਾਈ ਬਾਰੇ ਵਿਦਿਆਰਥੀਆਂ ਨੂੰ ਸਪਸ਼ਟ ਤੌਰ 'ਤੇ ਐਲਾਨ ਕਰਕੇ ਜਾਗਰੂਕ ਕੀਤਾ ਜਾਵੇ।
2. ਸਕੂਲ ਦੀ **ਸਵੇਰ ਦੀ ਪ੍ਰਾਰਥਨਾ ਸਭਾ ਮਿਤੀ 22-01-2026 ਸਵੇਰੇ 09.10 ਸਵੇਰੇ (Morning Assembly) ਵਜੇ ਸਕੂਲ ਦੇ ਵਿਦਿਆਰਥੀਆਂ ਨੂੰ ਚਾਈਨਾ ਡੋਰ ਦੀ ਵਰਤੋ ਨਾ ਕਰਨ ਦੇ ਸਬੰਧ ਵਿੱਚ ~~ਸੂੰਹ~~ ਸਹੁੰ ਵੀ ਚੁਕਵਾਈ ਜਾਵੇ।**
3. ਕਲਾਸਰੂਮ ਪੱਧਰ 'ਤੇ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਨੂੰ ਇਸ ਦੇ ਨੁਕਸਾਨਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਜਾਵੇ।
4. ਸਕੂਲ ਨੋਟਿਸ ਬੋਰਡਾਂ 'ਤੇ ਚੀਨੀ ਡੋਰ ਸਬੰਧੀ ਚੇਤਾਵਨੀ ਨੋਟਿਸ ਲਗਾਏ ਜਾਣ।
5. ਵਿਦਿਆਰਥੀਆਂ ਰਾਹੀਂ ਉਨ੍ਹਾਂ ਦੇ ਪਰਿਵਾਰਕ ਮੈਬਰਾਂ ਤੱਕ ਵੀ ਇਹ ਸੁਨੇਹਾ ਪਹੁੰਚਾਇਆ ਜਾਵੇ ਤਾਂ ਜੋ ਕੋਈ ਵੀ ਵਿਅਕਤੀ ਅਣਜਾਣੇ ਵਿੱਚ ਜਾਂ ਜਾਣ-ਬੁੱਝ ਕੇ ਇਸ ਗੈਰ-ਕਾਨੂੰਨੀ ਅਤੇ ਖ਼ਤਰਨਾਕ ਡੋਰ ਦੀ ਵਰਤੋਂ ਨਾ ਕਰੇ।

ਸਕੂਲਾਂ ਵਿੱਚ ਪ੍ਰਾਰਥਨਾ ਸਭਾ, ਕਲਾਸਰੂਮ ਗਤਿਵਿਧੀਆਂ, ਨੋਟਿਸ ਬੋਰਡ ਅਤੇ ਹੋਰ ਉਚਿਤ ਮਾਧਿਅਮਾਂ ਰਾਹੀਂ ਇਹ ਸੁਨੇਹਾ ਪ੍ਰਭਾਵਸ਼ਾਲੀ ਢੰਗ ਨਾਲ ਫੈਲਾਇਆ ਜਾਵੇ ਤਾਂ ਜੋ ਕੋਈ ਵੀ ਵਿਦਿਆਰਥੀ ਅਣਜਾਣੇ ਵਿੱਚ ਇਸ ਤਰ੍ਹਾਂ ਦੀ ਗੈਰ-ਕਾਨੂੰਨੀ ਅਤੇ ਖ਼ਤਰਨਾਕ ਡੋਰ ਦੀ ਵਰਤੋਂ ਨਾ ਕਰੇ। ਇਹ ਯਕੀਨੀ ਬਣਾਇਆ ਜਾਵੇ ਕਿ ਜ਼ਿਲ੍ਹੇ ਦਾ ਕੋਈ ਵੀ ਸਕੂਲੀ ਵਿਦਿਆਰਥੀ ਚੀਨੀ

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਬਠਿੰਡਾ

ਪਿੱਠ ਅੰਕਣ ਨੰ: ਸੀ-1/1(1)2026/2234 ਮਿਤੀ: 21/01/26

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ, ਜ਼ਿਲ੍ਹਾ ਬਠਿੰਡਾ ਜਾਂਦਾ ਹੈ ਕਿ ਉਕਤ ਅਨੁਸਾਰ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

P Singh

ਵਧੀਕ ਡਿਪਟੀ ਕਮਿਸ਼ਨਰ,
ਬਠਿੰਡਾ।

21/01/26

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਬਠਿੰਡਾ

Wednesday, January 21, 2026

# ਚਾਇਨਾ ਡੋਰ ਸੰਬੰਧੀ ਸੂੰਹ ਸਹੁੰ

ਅਸੀਂ ਸਾਰੇ ਵਿਦਿਆਰਥੀ
ਇਹ ਸੂੰਹ ਸਹੁੰ ਲੈਂਦੇ ਹਾਂ ਕਿ—

ਅਸੀਂ ਕਦੇ ਵੀ ਚਾਈਨਾ ਡੋਰ
ਨਾ ਤਾਂ ਖਰੀਦਾਂਗੇ,
ਨਾ ਵੇਚਾਂਗੇ
ਅਤੇ ਨਾ ਹੀ ਵਰਤਾਂਗੇ।

ਅਸੀਂ ਸਮਝਦੇ ਹਾਂ ਕਿ
ਚਾਇਨਾ ਡੋਰ ਮਨੁੱਖੀ ਜਾਨ,
ਪੰਛੀਆਂ ਅਤੇ ਪਸ਼ੂਆਂ ਲਈ
ਬਹੁਤ ਖ਼ਤਰਨਾਕ ਹੈ।

ਅਸੀਂ ਆਪਣੇ ਦੋਸਤਾਂ,
ਪਰਿਵਾਰਕ ਮੈਂਬਰਾਂ
ਅਤੇ ਸਮਾਜ ਦੇ ਹੋਰ ਲੋਕਾਂ ਨੂੰ ਵੀ
ਚਾਇਨਾ ਡੋਰ ਦੇ ਨੁਕਸਾਨਾਂ ਬਾਰੇ
ਜਾਗਰੂਕ ਕਰਾਂਗੇ।

ਅਸੀਂ ਕਾਨੂੰਨ ਦੀ ਪਾਲਣਾ ਕਰਾਂਗੇ
ਅਤੇ ਸਮਾਜ ਦੀ ਸੁਰੱਖਿਆ
ਅਤੇ ਭਲਾਈ ਲਈ
ਹਮੇਸ਼ਾ ਜ਼ਿੰਮੇਵਾਰ ਨਾਗਰਿਕ ਬਣ ਕੇ ਰਹਾਂਗੇ।

# ਦਫਤਰ ਜ਼ਿਲ੍ਹਾ ਮੈਜਿਸਟਰੇਟ, ਬਠਿੰਡਾ

(ਫੁਟਕਲ ਸ਼ਾਖਾ-1)

ਹੁਕਮ ਅਧੀਨ ਧਾਰਾ 163 ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ,2023

CWP PIL No. 2 of 2025 Title as Kanwar Paul Singh Vs State of Punjab and Others ਦੇ ਸਬੰਧ ਵਿੱਚ Government of Home Affairs, (Home-4 Branch), Punjab Chandigarh ਵੱਲੋਂ ਆਪਣੇ ਪੱਤਰ ਨੰਬਰ HOME-HM-40HC/38/2025-3H4/1/1206288/2025 ਰਾਹੀਂ ਚਾਈਨਾ ਡੋਰ ਦੇ ਬਣਾਉਣ, ਵੇਚਣ, ਸਟੋਰ ਕਰਨ, ਖਰੀਦਣ, ਸਪਲਾਈ ਕਰਨ, ਆਯਾਤ ਕਰਨ ਅਤੇ ਵਰਤੋਂ ਕਰਨ ਤੇ ਪਾਬੰਦੀ ਲਗਾਉਣ ਦਾ ਹੁਕਮ ਜਾਰੀ ਹੋਏ ਹਨ।

ਇਸ ਲਈ ਮੈਂ, **ਰਾਜੇਸ਼ ਧੀਮਾਨ,** , ਆਈ.ਏ.ਐੱਸ., ਜਿਲ੍ਹਾ ਮੈਜਿਸਟਰੇਟ, ਬਠਿੰਡਾ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰ ਦੀ ਵਰਤੋ ਕਰਦਾ ਹੋਇਆ, ਜ਼ਿਲ੍ਹਾ ਬਠਿੰਡਾ ਦੀ ਹਦੂਦ ਅੰਦਰ ਨਾਇਲੋਨ, ਪਲਾਸਟਿਕ ਜਾਂ ਸਿੰਥੈਟਿਕ ਮਟੀਰੀਅਲ ਤੋਂ ਬਣੇ ਪਤੰਗ ਉਡਾਉਣ ਵਾਲੇ ਧਾਗੇ (ਚਾਇਨਾ ਡੋਰ) ਨੂੰ ਬਣਾਉਣ, ਵੇਚਣ, ਸਟੋਰ ਕਰਨ, ਖਰੀਦਣ, ਸਪਲਾਈ ਕਰਨ, ਆਯਾਤ ਕਰਨ ਅਤੇ ਵਰਤੋਂ ਕਰਨ ਤੇ ਪਾਬੰਦੀ ਲਗਾਉਣ ਦਾ ਹੁਕਮ ਪਾਸ ਕਰਦਾ ਹਾਂ।

ਮੌਜੂਦਾ ਹਾਲਾਤਾਂ ਨੂੰ ਮੁੱਖ ਰੱਖਦੇ ਹੋਏ ਇਹ ਹੁਕਮ ਇੱਕ ਤਰਫ਼ਾ ਪਾਸ ਕਰਕੇ ਹਰ ਆਮ ਅਤੇ ਖਾਸ ਦੇ ਨਾਮ ਜ਼ਾਰੀ ਕੀਤਾ ਜਾਂਦਾ ਹੈ।

ਇਹ ਹੁਕਮ ਅੱਜ ਮਿਤੀ 10/12/2025 ਤੋਂ ਮਿਤੀ 09/02/2026 ਤੱਕ ਲਾਗੂ ਰਹੇਗਾ।

ਇਸ ਹੁਕਮ ਨੂੰ ਸੀਨੀਅਰ ਕਪਤਾਨ ਪੁਲਿਸ, ਬਠਿੰਡਾ ਵੱਲੋਂ ਲਾਗੂ ਕਰਵਾਇਆ ਜਾਵੇਗਾ ਅਤੇ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਬਠਿੰਡਾ ਵੱਲੋਂ ਮੀਡੀਆ ਅਤੇ ਅਖ਼ਬਾਰਾਂ ਰਾਹੀਂ ਪ੍ਰਚਾਰ ਕਰਕੇ ਆਮ ਪਬਲਿਕ ਨੂੰ ਸੂਚਿਤ ਕੀਤਾ ਜਾਵੇਗਾ। ਇਸ ਹੁਕਮ ਦੀਆਂ ਕਾਪੀਆਂ ਦਫ਼ਤਰ ਜ਼ਿਲ੍ਹਾ ਮੈਜਿਸਟਰੇਟ, ਜ਼ਿਲ੍ਹੇ ਦੇ ਉਪ ਮੰਡਲ ਮੈਜਿਸਟਰੇਟਸ, ਤਹਿਸੀਲਦਾਰਾਂ, ਬਲਾਕ ਵਿਕਾਸ ਤੇ ਪੰਚਾਇਤ ਅਫਸਰਾਂ, ਮਾਰਕਿਟ ਕਮੇਟੀਆਂ, ਪੁਲਿਸ ਸਟੇਸ਼ਨਾਂ ਅਤੇ ਨਗਰ ਪਾਲਕਾਵਾਂ ਦੇ ਨੋਟਿਸ ਬੋਰਡਾਂ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰਾਂ (ਐਲੀਮੈਂਟਰੀ)/ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) ਨੂੰ ਭੇਜੀਆਂ ਜਾਣ ਤਾਂ ਜੋ ਜਿਲ੍ਹਾ ਬਠਿੰਡਾ ਦੀਆਂ ਉੱਘੀਆ ਥਾਵਾਂ ਤੇ ਆਮ ਪਬਲਿਕ ਜਾਣੂ ਹੋ ਸਕੇ ।

ਇਹ ਹੁਕਮ ਅੱਜ ਮਿਤੀ ...10/12/2025.. ਨੂੰ ਮੇਰੇ ਦਸ਼ਤਖਤਾਂ ਅਤੇ ਮੋਹਰ ਅਦਾਲਤ ਹੇਠ ਜ਼ਾਰੀ ਹੋਇਆ ਹੈ।

DISTRICT MAGISTRATE BATHINDA

ਰਾਜੇਸ਼ ਧੀਮਾਨ, ਆਈ.ਏ.ਐਸ
ਜ਼ਿਲ੍ਹਾ ਮੈਜਿਸਟਰੇਟ, ਬਠਿੰਡਾ

# ਦਫਤਰ ਜ਼ਿਲ੍ਹਾ ਮੈਜਿਸਟਰੇਟ, ਬਠਿੰਡਾ

(ਫੁਟਕਲ ਸ਼ਾਖਾ-1)

ਹੁਕਮ ਅਧੀਨ ਧਾਰਾ 163 ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ,2023

ਪਿੱਠ ਅੰਕਣ ਨੰ.33886-985 /ਫਸ-01 ਮਿਤੀ 10/12/2025

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ
2. ਪ੍ਰਿੰਸੀਪਲ ਸਕੱਤਰ, ਗ੍ਰਹਿ ਮਾਮਲੇ ਤੇ ਨਿਆਂ ਵਿਭਾਗ, ਪੰਜਾਬ, ਚੰਡੀਗੜ੍ਹ
3. Government of Home Affairs, (Home-4 Branch), Punjab Chandigarh
4. ਡੀ.ਆਈ.ਜੀ.(ਸੀ.ਆਈ.ਡੀ), ਪੰਜਾਬ, ਚੰਡੀਗੜ੍ਹ
5. ਕਮਿਸ਼ਨਰ, ਫਰੀਦਕੋਟ ਮੰਡਲ, ਫਰੀਦਕੋਟ
6. ਜ਼ਿਲ੍ਹਾ ਤੇ ਸੈਸ਼ਨ ਜੱਜ, ਬਠਿੰਡਾ
7. ਜ਼ਿਲ੍ਹਾ ਮੈਜਿਸਟਰੇਟ, ਬਠਿੰਡਾ/ ਫਰੀਦਕੋਟ/ ਫਿਰੋਜਪੁਰ / ਜਲੰਧਰ/ ਅੰਮ੍ਰਿਤਸਰ/ ਬਰਨਾਲਾ/ ਕਪੂਰਥਲਾ/ ਹੁਸ਼ਿਆਰਪੁਰ/ ਪਟਿਆਲਾ/ ਮਾਨਸਾ/ ਮੁਕਤਸਰ/ ਰੂਪਨਗਰ/ ਨਵਾਂਸ਼ਹਿਰ/ ਫਤਿਹਗੜ੍ਹ ਸਾਹਿਬ/ ਤਰਨਤਾਰਨ/ ਲੁਧਿਆਣਾ/ ਮੋਗਾ/ ਪਠਾਨਕੋਟ/ ਫਾਜਿਲਕਾ/ ਮਲੇਰਕੋਟਲਾ/ਸੰਗਰੂਰ/ ਗੁਰਦਾਸਪੁਰ/ ਮੁਹਾਲੀ
8. ਸੀਨੀਅਰ ਕਪਤਾਨ ਪੁਲਿਸ, ਬਠਿੰਡਾ
9. ਕਮਿਸ਼ਨਰ, ਨਗਰ ਨਿਗਮ, ਬਠਿੰਡਾ
10. ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ), ਬਠਿੰਡਾ / ਵਧੀਕ ਡਿਪਟੀ ਕਮਿਸ਼ਨਰ (ਜ) ਬਠਿੰਡਾ / ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ), ਬਠਿੰਡਾ / ਸਕੱਤਰ, ਰਿਜਨਲ ਟਰਾਂਸਪੋਰਟ ਅਥਾਰਟੀ, ਬਠਿੰਡਾ
11. ਉਪ ਮੰਡਲ ਮੈਜਿਸਟਰੇਟ, ਬਠਿੰਡਾ/ ਰਾਮਪੁਰਾ ਫੂਲ / ਤਲਵੰਡੀ ਸਾਬੋ / ਮੌੜ
12. ਸਿਵਲ ਸਰਜਨ, ਬਠਿੰਡਾ
13. ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ, ਬਠਿੰਡਾ ਪਾਸ ਸਮੇਤ ਸਮੂਹ ਬੀ.ਡੀ.ਪੀ.ਓਜ਼ ਜ਼ਿਲ੍ਹਾ ਬਠਿੰਡਾ
14. ਤਹਿਸੀਲਦਾਰ, ਬਠਿੰਡਾ / ਰਾਮਪੁਰਾ ਫੂਲ / ਤਲਵੰਡੀ ਸਾਬੋ / ਮੌੜ
15. ਨਾਇਬ ਤਹਿਸੀਲਦਾਰ, ਬਠਿੰਡਾ / ਨਥਾਣਾ/ ਸੰਗਤ/ ਗੋਨਿਆਣਾ /ਰਾਮਪੁਰਾ ਫੂਲ / ਭਗਤਾ ਭਾਈਕਾ / ਮੌੜ / ਬਾਲਿਆਂਵਾਲੀ / ਤਲਵੰਡੀ ਸਾਬੋ / ਅਗਰੇਰੀਅਨ, ਬਠਿੰਡਾ / ਮਿਲਟਰੀ ਲੈਂਡ ਐਕੁਜੀਸ਼ਨ, ਬਠਿੰਡਾ
16. ਕਾਰਜ ਸਾਧਕ ਅਫਸਰ, ਨਗਰ ਕੌਂਸਲ ਗੋਨਿਆਣਾ / ਭੁੱਚੋ ਮੰਡੀ / ਸੰਗਤ / ਕੋਟਫੱਤਾ / ਮੌੜ / ਰਾਮਾਂ ਮੰਡੀ / ਰਾਮਪੁਰਾ ਫੂਲ / ਭਾਈਰੂਪਾ / ਤਲਵੰਡੀ ਸਾਬੋ / ਕੋਟਸ਼ਮੀਰ / ਲਹਿਰਾ ਮੁਹੱਬਤ / ਭਗਤਾ ਭਾਈਕਾ / ਮਹਿਰਾਜ / ਮਲੂਕਾ / ਕੋਠਾਗੁਰੂ / ਨਥਾਣਾ
17. ਜ਼ਿਲ੍ਹਾ ਲੋਕ ਸੰਪਰਕ ਅਫਸਰ, ਬਠਿੰਡਾ ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਅਨੁਸਾਰ ਕਾਰਵਾਈ ਕਰਕੇ ਰਿਪੋਰਟ ਇਸ ਦਫ਼ਤਰ ਨੂੰ ਭੇਜੀ ਜਾਵੇ ।
18. District Informatics Officer ,NIC ,ਬਠਿੰਡਾ ਪਾਸ ਹੁਕਮ ਦੀ ਕਾਪੀ ਜ਼ਿਲੇ ਦੀ ਵੈੱਬਸਾਈਟ ਤੇ ਅਪਲੋਡ ਕਰਨ ਹਿੱਤ ਭੇਜਿਆ ਜਾਂਦਾ ਹੈ।
19. ਪੀ.ਏ.ਟੂ ਡੀ.ਸੀ./ਪੀ.ਏ. ਟੂ ਏ.ਡੀ.ਸੀ.,ਬਠਿੰਡਾ ਪਾਸ ਸੂਚਨਾ ਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਵਾਸਤੇ ਜ਼ਿਲ੍ਹਾ ਮੈਜਿਸਟ੍ਰੇਟ,
ਬਠਿੰਡਾ